This question paper contains 3 printed pages]

*Your Roll No.* ........................................

**7507**

**B.A. (PROGRAMME)/I** **E-I**

PUNJABI LANGUAGE (A)—Paper I

(Advanced Punjabi)

*Time* : 3 *Hours* *Maximum Marks* : 100

*(Write your Roll No. on the top immediately on receipt of this question paper.)*

**ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਉਪਰ 500 ਸ਼ਬਦਾਂ ਦਾ ਨਿਬੰਧ ਲਿਖੋ: 25

   (ੳ) ਪੰਜਾਬ ਦੇ ਮੇਲੇ

   (ਅ) ਗੁਰੂ ਨਾਨਕ ਦੇਵ

   (ੲ) ਮੋਬਾਈਲ ਫ਼ੋਨ ਦਾ ਜਨੂੰਨ

2. ਆਪਣੀ ਕਿਸੇ ਮਨ-ਪਸੰਦ ਕਹਾਣੀ ਦਾ ਸਾਰ ਲਿਖੋ। 20

   **ਜਾਂ**

   ਆਪਣੇ ਮਨ-ਭਾਉਂਦੇ ਵਿਸ਼ੇ ਨਾਲ ਸੰਬੰਧਤ ਕੋਈ ਕਵਿਤਾ ਲਿਖੋ।

3. ਆਪਣੇ ਅਧਿਆਪਕ ਵਲੋਂ ਦਿੱਤੇ ਗਏ ਕਿਸੇ ਇਕ ਲੈਕਚਰ ਨੂੰ ਨੋਟਸ ਦੇ ਰੂਪ ਵਿਚ ਲਿਖੋ। 10

P.T.O.

4. (ੳ) ਵਿਸ਼ੇਸ਼ਣ ਦੀ ਪਰਿਭਾਸ਼ਾ ਦੱਸ ਕੇ, ਵਿਸ਼ੇਸ਼ਣ ਦੀਆਂ ਕਿਸਮਾਂ ਉਦਾਹਰਨਾਂ ਸਹਿਤ ਸਪਸ਼ਟ ਕਰੋ। 10

**ਜਾਂ**

ਹੇਠ ਲਿਖੇ ਨਾਂਵ ਸ਼ਬਦਾਂ ਦੇ ਵਿਸ਼ੇਸ਼ਣ ਬਣਾਓ:

ਗ਼ਰੀਬੀ, ਆਲਸ, ਖ਼ਤਰਾ, ਅੰਤ, ਚਲਾਕੀ, ਚਾਲ, ਕਿਰਤ, ਸਮਾਜ, ਇਮਾਰਤ, ਸਭਿਆਚਾਰ

(ਅ) ਹੇਠ ਲਿਖੀ ਵਾਰਤਾ ਨੂੰ ਵਿਸ਼ਰਾਮ ਚਿੰਨ ਲਾ ਕੇ ਲਿਖੋ: 10

ਲਿੰਕਨ ਕੋਲੋਂ ਇਕ ਵਾਰੀ ਕਿਸੇ ਨੇ ਪੁੱਛਿਆ ਤੁਹਾਡੀ ਸਫ਼ਲਤਾ ਦਾ ਸਭ ਤੋਂ ਵੱਡਾ ਭੇਤ ਕੀ ਹੈ ਉਨ੍ਹਾਂ ਨੇ ਜਰਾ ਜਿੰਨੀ ਦੇਰ ਸੋਚ ਕੇ ਉੱਤਰ ਦਿੱਤਾ ਮੈਂ ਦੂਜਿਆਂ ਦੇ ਖ਼ਾਹ-ਮਖ਼ਾਹ ਨੁਕਸ ਕੱਢ ਕੇ ਉਨ੍ਹਾਂ ਦੇ ਦਿਲ ਨਹੀਂ ਦੁਖਾਂਦਾ।

5. ਹੇਠ ਲਿਖੇ ਪੈਰੇ ਦਾ ਸਾਰ ਲਿਖੋ। ਢੁਕਵਾਂ ਸਿਰਲੇਖ ਵੀ ਦਿਓ। 15

ਅੱਜ-ਕੱਲ੍ਹ ਦੀ ਜ਼ਿੰਦਗੀ ਇਕ ਹੁੱਲੜ ਹੈ, ਵਾ-ਵਰੋਲਾ ਹੈ। ਇਸ ਵਿਚ ਵਿਹਲ ਕਿੱਥੇ? ਤੇ ਵਿਹਲੀਆਂ ਗੱਲਾਂ ਦਾ ਮੌਕਾ ਕਿੱਥੇ? ਫਿਰ ਸਾਰੇ ਸਿਆਣੇ, ਧਾਰਮਕ ਲਿਖਾਰੀ ਤੇ ਸਮਾਜਕ ਆਗੂ ਇਸ ਗੱਲ ਦੇ ਵਿਰੁੱਧ ਹਨ ਕਿ ਕੋਈ ਸਮਾਂ ਗੱਪਾਂ ਵਿਚ ਬਿਤਾਇਆ ਜਾਵੇ। ਕਹਿੰਦੇ ਹਨ ਕਿ ਜਿੱਥੇ ਅਸਾਂ ਆਪਣੇ ਹਰ ਕਰਮ ਦਾ ਜਵਾਬ ਦੇਣਾ ਹੈ, ਉੱਥੇ ਹਰ ਕਥਨ ਦਾ ਵੀ ਗਿਣ-

ਗਿਣ ਕੇ ਲੇਖਾ ਦੇਣਾ ਪਵੇਗਾ। ਇਸ ਲਈ ਹਰ ਇਕ ਆਦਮੀ ਨੂੰ ਆਪਣੀ ਜੀਭ ਨੂੰ ਲਗਾਮ ਪਾ ਕੇ ਰੱਖਣਾ ਚਾਹੀਦਾ ਹੈ। ਸਿਰਫ਼ ਲੋੜ ਧਵੇ ਤਾਂ ਮੂੰਹ ਖੋਲਣਾ ਚਾਹੀਦਾ ਹੈ। ਜਦ ਮਤਲਬ ਦੀ ਗੱਲ ਪੂਰੀ ਹੋ ਗਈ ਝੱਟ ਜੰਦਾ ਲਾ ਕੇ ਚੁੱਪ ਵੱਟ ਲੈਣੀ ਚਾਹੀਦੀ ਹੈ। ਚੁੱਪ ਜਿਹੀ ਕੋਈ ਚੀਜ਼ ਨਹੀਂ। "ਚੁੱਪ ਸੁਨਹਿਰੀ ਹੈ ਤੇ ਬੋਲ ਰੁਪਹਿਰੀ"

6. ਹੇਠ ਲਿਖੇ ਅਗੇਤਰਾਂ ਨੂੰ ਵਰਤ ਕੇ ਸ਼ਬਦ ਬਣਾਓ ਅਤੇ ਉਨ੍ਹਾਂ ਸ਼ਬਦਾਂ ਨੂੰ ਵਾਕਾਂ ਵਿਚ ਵੀ ਵਰਤੋ: 10

ਅਪ, ਕ, ਸ, ਸਬ, ਨਿਰ